ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,

ਚੋਥੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।

(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ

2 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ

3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: 15/42-2015 ਕੋ ਸੈਲ (1)/28 ਮਿਤੀ 21-01-2015

ਵਿਸ਼ਾ:- **ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ ਸੀ (ਕਲਰਕ) ਦੀ ਪਦਉਨਤੀ ਲਈ ਵਿਦਿਅਕ ਯੋਗਤਾਵਾਂ ਬਾਰੇ।**

ਹਵਾਲਾ:- ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸਾਖਾ) ਦਾ ਪੱਤਰ ਨੰ: 1/3/2014-4ਪੀ.ਪੀ.1/1093 ਮਿਤੀ 23-12-2014

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 21-01-2015

1. ਉਤਾਰਾ ਮੁੱਖ ਦਫਤਰ ਵਿੱਚ ਸਮੂਹ ਅਮਲਾ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਪੀ.ਏ/ਡੀ.ਪੀ.ਆਈ ਸੈਸਿ (ਸੂਚਨਾ ਹਿੱਤ)

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਨੰ: 1/3/2014-4ਪੀ.ਪੀ.1/1093

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼- 1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਕਮਿਸ਼ਨਰਜ਼ ਆਫ ਡਵੀਜਨਜ਼;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 23.12.2014

ਵਿਸ਼ਾ: ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ-ਸੀ (ਕਲਰਕ) ਦੀ ਪਦਉਨਤੀ ਲਈ ਵਿਦਿਅਕ ਯੋਗਤਾਵਾਂ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 9/11/09-4ਪੀ.ਪੀ.1/9854, ਮਿਤੀ 25.8.2009 ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਉਕਤ ਹਦਾਇਤਾਂ ਦੇ ਪੈਰਾ-2 ਦੀ ਕਲਾਜ਼-ii) ਵਿੱਚ ਹੇਠ ਅਨੁਸਾਰ ਸੋਧ ਕਰਨ ਦਾ ਫੈਸਲਾ ਲਿਆ ਗਿਆ ਹੈ :-

> "ii) Before promotion to the post of Clerk from amongst the Group-D employees, there should be a provision for qualifying type test, as prescribed by the Government for the post of Clerk on computer, to be conducted by the competent authority or the Department of Information Technology at a speed of 30 words per minute both in Punjabi and English."

2. ਵਿਭਾਗਾਂ ਵੱਲੋਂ ਕਲਰਕ ਦੀ ਆਸਾਮੀ ਤੇ ਪਦਉਨਤੀ ਦੇ ਚਾਹਵਾਨ ਗਰੁੱਪ-ਡੀ ਕਰਮਚਾਰੀਆਂ ਨੂੰ ਪਦਉਨਤੀ ਤੋਂ ਪਹਿਲਾਂ ਨਿਰਧਾਰਤ ਸਪੀਡ ਤੇ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਲਿਆ ਜਾਵੇਗਾ।

3. ਗਰੁੱਪ-ਡੀ ਕਰਮਚਾਰੀ ਦਾ ਬਤੌਰ ਗਰੁੱਪ-ਸੀ (ਕਲਰਕ) ਪਦਉਨਤੀ ਉਪਰੰਤ ਪ੍ਰੋਬੇਸ਼ਨ ਤਾਂ ਹੀ ਪਾਰ ਕੀਤਾ ਜਾਵੇਗਾ ਜੇਕਰ ਉਹ ਪਦਉਨਤੀ ਦੀ ਮਿਤੀ ਤੋਂ ਇਕ ਸਾਲ ਦੇ ਅੰਦਰ-ਅੰਦਰ ਪਰਸਨਲ ਕੰਪਿਊਟਰ ਦੇ ਇਸਤੇਮਾਲ ਦੇ ਤਜਰਬੇ ਦਾ ਘੱਟੋ-ਘੱਟ ਇਕ ਸੌ ਅਤੇ ਵੀਹ ਘੰਟਿਆਂ ਦਾ ਕੋਰਸ ਪੂਰਾ ਕਰ ਲੈਂਦਾ ਹੈ। ਸਬੰਧਤ ਕਰਮਚਾਰੀ ਜੇਕਰ ਚਾਹੁਣ ਤਾਂ 'Mahatma Gandhi State Institute of Public Administration, Punjab (MGSIPA)' ਵੱਲੋਂ ਨਿਰਧਾਰਤ ਥਾਵਾਂ ਤੇ ਲੋੜੀਂਦਾ ਕੰਪਿਊਟਰ ਕੋਰਸ ਕਰ ਸਕਦੇ ਹਨ। ਕਰਮਚਾਰੀਆਂ ਵੱਲੋਂ ਕੋਰਸ ਪੂਰਾ ਕਰਨ ਉਪਰੰਤ ਸਬੰਧਤ ਸੰਸਥਾ ਪਾਸੋਂ ਪ੍ਰਾਪਤ ਸਰਟੀਫਿਕੇਟ ਨਿਯੁਕਤੀਕਰਤਾ ਅਧਿਕਾਰੀ ਨੂੰ ਪੇਸ਼ ਕੀਤਾ

ਜਾਵੇਗਾ।

4. ਕੰਪਿਊਟਰ ਕੋਰਸ ਹਾਸਲ ਕਰਨ ਲਈ ਸਬੰਧਤ ਕਰਮਚਾਰੀ ਨੂੰ ਇਸ ਸ਼ਰਤ ਤੇ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ ਕਿ ਅਜਿਹਾ ਕੋਰਸ ਕਰਨ ਲਈ ਸਰਕਾਰੀ ਕੰਮ ਵਿੱਚ ਕੋਈ ਵਿਘਨ ਨਹੀਂ ਪਵੇਗਾ। ਪਰ ਇਸ ਸਬੰਧੀ ਪ੍ਰੀਖਿਆ ਵਾਲੇ ਦਿਨ ਦੀ ਛੁੱਟੀ ਦਿੱਤੀ ਜਾਵੇਗੀ।

5. ਇਹ ਹਦਾਇਤਾਂ ਸਾਰੇ ਸੰਬਧਤਾਂ ਦੇ ਧਿਆਨ ਵਿੱਚ ਸਖ਼ਤ ਪਾਲਣਾ ਹਿਤ ਲਿਆ ਦਿੱਤੀਆਂ ਜਾਣ।

6. ਇਸ ਪੱਤਰ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਅਧੀਨ ਸਕੱਤਰ ਪ੍ਰਸੋਨਲ

ਉਪਰੋਕਤ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸਨਰਜ਼, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,

ਅੰ:ਵਿ:ਪੱ.ਨੰ: 1/3/2014-4ਪੀ.ਪੀ.1/1094 ਮਿਤੀ, ਚੰਗੀਗੜ੍ਹ: 23.12.2014